| Surname | | Other Names | |
|---|---|---|---|
| Centre Number | | Candidate Number | |
| Candidate Signature | | | |

For Examiner's Use

General Certificate of Education
June 2007
Advanced Subsidiary Examination

**PANJABI** **PAN1**
**Unit 1 Responsive Writing**

Monday 21 May 2007 1.30 pm to 4.30 pm

**For this paper you must have:**
- the text for Section 1 on an insert (enclosed)

Time allowed: 3 hours

| For Examiner's Use | | | |
|---|---|---|---|
| Section | Mark | Section | Mark |
| 1 | | | |
| 2 | | | |
| 3 | | | |
| Total (Column 1) → | | | |
| Total (Column 2) → | | | |
| TOTAL | | | |
| Examiner's Initials | | | |

## Instructions
- Use blue or black ink or ball-point pen.
- Fill in the boxes at the top of this page.
- Answer **all** questions.
- Answer the questions in the spaces provided.
- Do all rough work in this book. Cross through any work you do not want to be marked.

## Information
- The maximum mark for this paper is 100.
- The marks for questions are shown in brackets.
- You must **not** use a dictionary at any time during this examination.
- You should note that the quality of your written language in both Panjabi and English will be taken into account when awarding marks.
- If you need extra paper, use the Additional Answer Sheets.
- This unit is divided into three sections.

Section 1 40 marks
Section 2 15 marks
Section 3 45 marks

## Advice
- You should try to use your own words as much as possible and to write as accurately and neatly as possible.

LEAVE MARGIN BLANK

## ਸੈਕਸ਼ਨ 1

ਪਰਚੇ ਦੇ ਨਾਲ ਦਿੱਤੀ ਵਾਰਤਾ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਤੇ ਅਧਾਰਿਤ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ। 10 ਨੰਬਰ ਚੰਗੀ ਭਾਸ਼ਾ ਲਈ ਰਾਖਵੇਂ ਹਨ।

**1** ਵਾਰਤਾ ਵਿੱਚ ਵਿਆਹ ਦੀ ਮਹੱਤਤਾ ਬਾਰੇ ਕੀ ਕਿਹਾ ਗਿਆ ਹੈ ?

..........................................................................................................................................

..........................................................................................................................................

*(2 marks)*

**2** ਵਿਆਹੁਤਾ ਜੀਵਨ ਵਿੱਚ ਤਣਾਅ ਕਿਉਂ ਪੈਦਾ ਹੁੰਦਾ ਹੈ ਤੇ ਇਸ ਦੇ ਕੀ ਨਤੀਜੇ ਨਿਕਲਦੇ ਹਨ ?

..........................................................................................................................................

..........................................................................................................................................

..........................................................................................................................................

..........................................................................................................................................

*(4 marks)*

**3** (i) ਲੇਖਕ ਅਨੁਸਾਰ ਸਫਲ ਵਿਆਹ ਲਈ ਕੀ ਕੀ ਜ਼ਰੂਰੀ ਹੈ ?

..........................................................................................................................................

..........................................................................................................................................

*(2 marks)*

(ii) ਵਿਆਹ ਕਰਵਾ ਕੇ ਖੁਸ਼ ਰਹਿਣ ਵਾਸਤੇ ਕੀ ਕਰਨਾ ਚਾਹੀਦਾ ਹੈ ?

..........................................................................................................................................

..........................................................................................................................................

..........................................................................................................................................

..........................................................................................................................................

*(4 marks)*

LEAVE MARGIN BLANK

**4** (i) ਪਿਆਰ ਬਾਰੇ ਲੇਖਕ ਦੇ ਕੀ ਵਿਚਾਰ ਹਨ ?

..........................................................................................................................................

..........................................................................................................................................

*(2 marks)*

(ii) ਆਪਣੇ ਜੀਵਨਸਾਥੀ ਪ੍ਰਤੀ ਪਿਆਰ ਦਾ ਪ੍ਰਗਟਾਅ ਕਰਨ ਵਾਸਤੇ ਆਮ ਲੋਕ ਕੀ ਕਰਦੇ ਹਨ ਤੇ ਲੇਖਕ ਨੇ ਕੀ ਸਲਾਹ ਦਿੱਤੀ ਹੈ ?

..........................................................................................................................................

..........................................................................................................................................

..........................................................................................................................................

..........................................................................................................................................

*(4 marks)*

**5** ਵਾਰਤਾ ਅਨੁਸਾਰ ਬਜ਼ੁਰਗਾਂ ਦੀ ਸੋਚ ਕਿਉਂ ਬਦਲ ਜਾਂਦੀ ਹੈ ਤੇ ਇਸ ਵਾਸਤੇ ਕੀ ਕਰਨਾ ਚਾਹੀਦਾ ਹੈ ?

..........................................................................................................................................

..........................................................................................................................................

..........................................................................................................................................

*(3 marks)*

**6** ਕੀ ਤੁਸੀਂ ਲੇਖਕ ਦੇ ਵਿਆਹ ਸਬੰਧੀ ਵਿਚਾਰਾਂ ਨਾਲ ਸਹਿਮਤ ਹੋ ਜਾਂ ਨਹੀਂ ਅਤੇ ਕਿਉਂ ? ਤਿੰਨ ਗੱਲਾਂ ਦੱਸੋ ।

..........................................................................................................................................

..........................................................................................................................................

..........................................................................................................................................

*(3 marks)*

**Turn over for the next question**

LEAVE MARGIN BLANK

**7** ਹੇਠ ਲਿਖਿਆਂ ਦੇ ਸਮਾਨ-ਅਰਥ ਸ਼ਬਦ ਜਾਂ ਵਾਕਅੰਸ਼ ਵਾਰਤਾ ਵਿੱਚੋਂ ਲੱਭ ਕੇ ਲਿਖੋ:

(i) ਪੂਰੇ ਨਹੀਂ ਹੁੰਦੇ

..........................................................................................................................

(ii) ਮੁਸ਼ਕਲ ਬਣ ਜਾਂਦੀ ਹੈ

..........................................................................................................................

(iii) ਇੱਛਾ ਪੂਰੀ ਹੋਣਾ

..........................................................................................................................

(iv) ਕਾਮਯਾਬ

..........................................................................................................................

(v) ਤਿਆਗ ਕਰਨਾ

..........................................................................................................................

(vi) ਬਚਿਆ ਜਾ ਸਕਦਾ

..........................................................................................................................

*(6 marks)*

30

\+

*Quality of written communication: 10 marks* 10

=

**Total** 40

LEAVE MARGIN BLANK

## ਸੈਕਸ਼ਨ 2

ਹੇਠ ਲਿਖੀ ਵਾਰਤਾ ਦਾ ਅੰਗਰੇਜ਼ੀ ਵਿੱਚ ਉਲਥਾ ਕਰੋ।

ਇੰਗਲੈਂਡ ਅਤੇ ਪੰਜਾਬ ਵਿੱਚ ਬਣ ਰਹੀ ਪੰਜਾਬੀ ਫਿਲਮ 'ਸਮੁੰਦਰੋਂ ਪਾਰ' ਲਈ ਸਾਨੂੰ ਨਵੇਂ ਚਿਹਰਿਆਂ ਦੀ ਲੋੜ ਹੈ। ਹਰ ਉਮਰ ਦੇ ਅਦਾਕਾਰਾਂ ਤੋਂ ਇਲਾਵਾ ਬੱਚਿਆਂ ਵਾਸਤੇ ਵੀ ਰੋਲ ਹਨ। ਫਿਲਮਾਂ ਵਿੱਚ ਕੰਮ ਕਰਨ ਦਾ ਸ਼ੌਕ ਰੱਖਣ ਵਾਲਿਆਂ ਨੂੰ ਦਿਲਜੀਤ ਕੌਰ ਅਤੇ ਸੰਨੀ ਦਿਓਲ ਨਾਲ ਕੰਮ ਕਰਨ ਦਾ ਮੌਕਾ ਮਿਲੇਗਾ। ਨਿਰਮਾਤਾ ਡਾਕਟਰ ਬਲ ਸਿੱਧੂ ਨੇ ਬਹੁਤ ਸਾਰੀਆਂ ਕਾਮਯਾਬ ਪੰਜਾਬੀ ਫਿਲਮਾਂ ਬਣਾਈਆਂ ਹਨ ਜਿਨ੍ਹਾਂ ਵਿੱਚ 'ਧੀਆਂ ਧੰਨ ਬੇਗਾਨਾ' ਵੀ ਸ਼ਾਮਲ ਹੈ। ਹੁਣ ਉਹ ਨਵੀਂ ਪੰਜਾਬੀ ਫਿਲਮ 'ਸਮੁੰਦਰੋਂ ਪਾਰ' ਬਣਾਉਣਗੇ।

ਇਸ ਫਿਲਮ ਦੇ ਨਿਰਦੇਸ਼ਕ ਦੇਵ ਦੀਵਾਨਾ ਹੋਣਗੇ ਅਤੇ ਗਾਣੇ ਡਾਕਟਰ ਬਲ ਸਿੱਧੂ ਨੇ ਲਿਖੇ ਹਨ। ਇਹ ਫਿਲਮ ਇੰਗਲੈਂਡ ਵਿੱਚਲੇ ਪੰਜਾਬੀ ਸਭਿਆਚਾਰ ਤੇ ਅਧਾਰਿਤ ਹੈ। ਇਸ ਦੀ ਕਹਾਣੀ ਇੰਗਲੈਂਡ ਵਿੱਚ ਰਹਿ ਰਹੇ ਇੱਕ ਪੰਜਾਬੀ ਪਰਿਵਾਰ ਦੀਆਂ ਮੁਸ਼ਕਲਾਂ ਨਾਲ ਸੰਬੰਧਿਤ ਹੈ। ਸਾਨੂੰ ਪੰਜਾਬੀ ਗਾਇਕਾਂ ਦੀ ਵੀ ਲੋੜ ਹੈ ਜਿਹੜੇ ਕਿ ਮੁੰਬਈ ਜਾ ਕੇ ਮਸ਼ਹੂਰ ਗਾਇਕਾਂ ਨਾਲ ਗਾ ਸਕਣ।

Source: Adapted from *Des Pardes Weekly* 30 December 2005

*(15 marks)*

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

15

**Turn over ▶**

LEAVE MARGIN BLANK

## ਸੈਕਸ਼ਨ 3

ਤੁਸੀਂ ਲੇਖ ਦਾ ਇੱਕ ਭਾਗ ਪੜ੍ਹਦੇ ਹੋ।

ਇੰਗਲੈਂਡ ਵਿੱਚ ਨੈਸ਼ਨਲ ਲਾਟਰੀ ਵਲੋਂ ਹਰ ਸਾਲ ਵਿਕਾਸ ਦੇ ਕੰਮਾਂ ਤੇ ਬਹੁਤ ਪੈਸੇ ਖਰਚ ਕੀਤੇ ਜਾਂਦੇ ਹਨ ਜਿਵੇਂ ਕਿ ਖੇਡਾਂ ਦੇ ਮੈਦਾਨ, ਜਿਮ ਅਤੇ ਪਾਰਕਾਂ ਬਣਾਉਣ ਵਾਸਤੇ। ਕੁਝ ਪੈਸੇ ਸਮਾਜ ਭਲਾਈ ਅਤੇ ਚੈਰਿਟੀ ਦੇ ਕੰਮ ਲਈ ਵੀ ਖਰਚ ਕੀਤੇ ਜਾਂਦੇ ਹਨ। ਇੱਥੋਂ ਤੱਕ ਕਿ ਇਨ੍ਹਾਂ ਪੈਸਿਆਂ ਨਾਲ ਕੁਝ ਸਕੂਲਾਂ ਵਿੱਚ ਨਵੀਆਂ ਇਮਾਰਤਾਂ ਵੀ ਬਣਾਈਆਂ ਗਈਆਂ ਹਨ।

ਇੱਕ ਲੇਖ ਲਿਖੋ ਜਿਸ ਵਿੱਚ ਤੁਸੀਂ ਹੇਠ ਲਿਖੀਆਂ ਗੱਲਾਂ ਬਾਰੇ ਲਿਖ ਸਕਦੇ ਹੋ:

- ਨੈਸ਼ਨਲ ਲਾਟਰੀ ਵਿੱਚ ਲੋਕਾਂ ਦੀ ਦਿਲਚਸਪੀ
- ਸਿਹਤ ਅਤੇ ਸਿੱਖਿਆ ਦੇ ਕੰਮਾਂ ਵਿੱਚ ਸੁਧਾਰ
- ਖੇਡਾਂ ਦੇ ਖੇਤਰ ਵਿੱਚ ਲਾਟਰੀ ਦੇ ਪੈਸਿਆਂ ਦੀ ਦੇਣ
- ਟਰੇਨਿੰਗ ਤੇ ਰੁਜ਼ਗਾਰ ਦੇ ਨਵੇਂ ਮੌਕੇ
- ਲਾਟਰੀ ਦੇ ਪੈਸੇ ਖਰਚ ਕਰਨ ਸਬੰਧੀ ਤੁਹਾਡੇ ਵਿਚਾਰ

*(45 marks)*

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

LEAVE MARGIN BLANK

45

**END OF QUESTIONS**

**There are no questions printed on this page**

Copyright © 2007 AQA and its licensors. All rights reserved.

General Certificate of Education
June 2007
Advanced Subsidiary Examination

**PANJABI** **PAN1**
**Unit 1 Responsive Writing**

# Insert

Text for use with **Section 1**

## ਵਿਆਹੁਤਾ ਜੀਵਨ ਵਿੱਚ ਤਣਾਅ

ਵਿਆਹ ਉਹ ਖੁਸ਼ੀਆਂ ਭਰਿਆ ਪਲ ਹੈ ਜਿਹੜਾ ਜ਼ਿੰਦਗੀ ਵਿੱਚ ਨਵਾਂ ਮੋੜ ਲੈ ਕੇ ਆਉਂਦਾ ਹੈ ਤੇ ਨਵਾਂ ਰੰਗ ਭਰਦਾ ਹੈ। ਪਰ ਲੋਕਾਂ ਕੋਲੋਂ ਆਮ ਤੌਰ ਤੇ ਸੁਣਿਆਂ ਜਾਂਦਾ ਹੈ ਕਿ ਵਿਆਹ ਤਾਂ ਮੋਤੀਚੂਰ ਦਾ ਲੱਡੂ ਹੈ ਜਿਹੜਾ ਖਾਂਦਾ ਹੈ ਉਹ ਵੀ ਪਛਤਾਉਂਦਾ ਹੈ, ਤੇ ਜਿਹੜਾ ਨਹੀਂ ਖਾਂਦਾ ਉਹ ਵੀ। ਕੀ ਕਾਰਨ ਹੈ ਕਿ ਵਿਆਹ ਨਾਮੀਂ ਇਸ ਲੱਡੂ ਦੀ ਮਿਠਾਸ ਵਿੱਚ ਜਲਦੀ ਹੀ ਕੁੜੱਤਣ ਭਰ ਜਾਂਦੀ ਹੈ। ਕਈ ਵਾਰੀ ਜਦੋਂ ਜੀਵਨ ਸਾਥੀ ਦੁਆਰਾ ਸਜਾਏ ਹੋਏ ਸੁਨਹਿਰੀ ਸੁਪਨੇ ਸਿਰੇ ਨਹੀਂ ਚੜ੍ਹਦੇ ਤਾਂ ਵਿਆਹੁਤਾ ਜੀਵਨ ਤਣਾਅ-ਪੂਰਨ ਹੋ ਜਾਂਦਾ ਹੈ। ਸੁਪਨਿਆਂ ਦਾ ਆਲੀਸ਼ਾਨ ਮਹੱਲ ਕੁਝ ਸਮੇਂ ਵਿੱਚ ਹੀ ਢਹਿ-ਢੇਰੀ ਹੋ ਜਾਂਦਾ ਹੈ। ਜੀਵਨ-ਸਾਥੀ ਦੇ ਨਖਰੇ ਤੇ ਰੁੱਸਣਾ-ਮਨਾਉਣਾ ਪਹਿਲਾਂ ਪਹਿਲਾਂ ਚੰਗਾ ਲਗਦਾ ਹੈ, ਬਾਅਦ ਵਿੱਚ ਅੱਜ ਕਲ੍ਹ ਦੀ ਰੁਝੇਵਿਆਂ ਭਰੀ ਜ਼ਿੰਦਗੀ ਕਾਰਨ ਸਿਰਦਰਦੀ ਬਣ ਜਾਂਦਾ ਹੈ। ਜੋ ਗੱਲਾਂ ਸ਼ੁਰੂ ਸ਼ੁਰੂ ਵਿੱਚ ਪਿਆਰ ਦਾ ਪ੍ਰਗਟਾਵਾ ਕਰਦੀਆਂ ਹਨ, ਉਹੀ ਦੋ ਚਾਰ ਸਾਲ ਬਾਅਦ ਲੜਾਈ ਦਾ ਕਾਰਨ ਬਣ ਜਾਂਦੀਆਂ ਹਨ।

ਇਹ ਸਮਝਣਾ ਚਾਹੀਦਾ ਹੈ ਕਿ ਵਿਆਹ ਕਰਵਾ ਕੇ ਜ਼ਰੂਰੀ ਨਹੀਂ ਕਿ ਤੁਹਾਡੀ ਹਰ ਖਾਹਿਸ਼ ਪੂਰੀ ਹੋ ਜਾਵੇ ਤੇ ਤੁਹਾਨੂੰ ਸਭ ਕੁਝ ਮਿਲ ਜਾਵੇ। ਇੱਕ ਸਫਲ ਵਿਆਹੁਤਾ ਜੀਵਨ ਲਈ ਪਤੀ-ਪਤਨੀ ਦੀ ਸੋਚ, ਪਸੰਦ ਤੇ ਵਿਚਾਰਾਂ ਦਾ ਮਿਲਦੇ ਹੋਣਾ ਜ਼ਰੂਰੀ ਹੈ। ਜੀਵਨ ਵਿੱਚ ਖੁਸ਼ੀ ਲਈ ਛੋਟੀਆਂ ਛੋਟੀਆਂ ਗੱਲਾਂ ਤੇ ਆਪਣਾ ਦਿਲ ਦੁਖੀ ਕਰਨਾ ਤੇ ਤੰਗ ਦਿਲ ਨਜ਼ਰੀਆ ਛੱਡ ਦੇਣਾ ਚਾਹੀਦਾ ਹੈ। ਪਰਿਵਾਰ ਵਿੱਚ ਸ਼ਾਂਤੀ ਕਾਇਮ ਰੱਖਣ ਵਾਸਤੇ ਆਪਣੀ ਕਿਸੇ ਖਾਹਿਸ਼ ਦੀ ਕੁਰਬਾਨੀ ਦੇਣੀ, ਝੁਕਣਾ ਨਹੀਂ, ਸਗੋਂ ਸਿਆਣਪ ਹੈ।

ਪਿਆਰ ਇੱਕ ਅਜਿਹੀ ਸ਼ੈਅ ਹੈ ਜੋ ਦਿਲਾਂ ਦੇ ਸਾਰੇ ਫਰਕ ਮਿਟਾ ਦਿੰਦਾ ਹੈ। ਜਨਮ ਦਿਨ, ਵਰ੍ਹੇ-ਗੰਢ ਤੇ ਤੋਹਫਾ ਦੇਣਾ ਜਾਂ ਹਰ ਰੋਜ਼ ਸ਼ਬਦਾਂ ਰਾਹੀਂ ਕਹਿਣਾ ਹੀ ਪਿਆਰ ਨਹੀਂ। ਪਿਆਰ ਇੱਕ ਅਹਿਸਾਸ ਹੈ, ਪਿਆਰ ਨੂੰ ਦਰਸਾਉਣ ਵਾਸਤੇ ਸ਼ਬਦਾਂ ਦੀ ਲੋੜ ਨਹੀਂ ਹੁੰਦੀ। ਬਸ ਅਜਿਹਾ ਕੁਝ ਨਾ ਕੁਝ ਕਰਦੇ ਰਹੋ ਜਿਸ ਨਾਲ ਤੁਹਾਡੇ ਜੀਵਨ-ਸਾਥੀ ਨੂੰ ਇਹ ਅਹਿਸਾਸ ਹੁੰਦਾ ਰਹੇ ਕਿ ਉਹ ਤੁਹਾਡੇ ਵਾਸਤੇ ਕਿੰਨਾ ਮਹੱਤਵਪੂਰਨ ਹੈ।

ਵਿਆਹ ਉਪਰੰਤ ਘਰ ਦੇ ਬਜ਼ੁਰਗਾਂ ਜਾਂ ਸੱਸ-ਸਹੁਰੇ ਵਲੋਂ ਕੀਤੀ ਜਾਣ ਵਾਲੀ ਨੋਕ-ਝੋਕ ਨੂੰ ਗੰਭੀਰਤਾ ਨਾਲ ਨਾ ਲਵੋ। ਅਸਲ ਵਿੱਚ, ਉਹ ਜ਼ਿੰਦਗੀ ਦੇ ਅਜਿਹੇ ਮੋੜ ਤੇ ਪਹੁੰਚ ਗਏ ਹਨ ਜਿੱਥੇ ਉਨ੍ਹਾਂ ਨੂੰ ਲਗਦਾ ਹੈ ਕਿ ਉਨ੍ਹਾਂ ਦਾ ਅਧਿਕਾਰ ਤੇ ਸਤਿਕਾਰ ਖਤਮ ਹੋ ਰਿਹਾ ਹੈ। ਜਦੋਂ ਉਹ ਆਪਣਾ ਅਧਿਕਾਰ ਜਿਤਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਕਈ ਵਾਰੀ ਗਲਤੀਆਂ ਕਰ ਬੈਠਦੇ ਹਨ। ਉਨ੍ਹਾਂ ਨੂੰ ਅਜਿਹਾ ਮਹਿਸੂਸ ਨਾ ਹੋਣ ਦਿਓ ਕਿ ਪਰਿਵਾਰ ਵਿੱਚ ਉਨ੍ਹਾਂ ਦੀ ਪੁੱਛ-ਪ੍ਰਤੀਤ ਘਟ ਗਈ ਹੈ। ਇਨ੍ਹਾਂ ਕੁਝ ਗੱਲਾਂ ਨਾਲ ਵਿਆਹੁਤਾ ਜੀਵਨ ਵਿੱਚ ਤਣਾਅ ਤੋਂ ਛੁਟਕਾਰਾ ਮਿਲ ਸਕਦਾ ਹੈ।

Source: Adapted from *Perdesan Monthly* January 2006

Copyright © 2007 AQA and its licensors. All rights reserved.